PUNJABI TRIBUNE

ਸੋਮਵਾਰ, 14 ਜੂਨ, 2010

ਦਿੱਲੀ/ਪੰਜਾਬ/ਹਰਿਆਣਾ

# • ਜਾਇਦਾਦ 'ਚ ਨਿਵੇਸ਼ ਦੀ ਸਲਾਹ ਲਈ ਸ਼ੋਅਰੂਮ ਖੁੱਲ੍ਹਣਗੇ

ਪੱਤਰ ਪ੍ਰੇਰਕ

**ਨਵੀਂ ਦਿੱਲੀ, 13 ਜੂਨ**

ਦਿੱਲੀ ਦੀ ਰੀਅਲ ਅਸਟੇਟ ਮੈਨੇਜਮੈਂਟ ਫਰਮ ਬੀ.ਓ.ਪੀ. ਵੱਲੋਂ ਉੱਤਰੀ ਭਾਰਤ ਦੇ ਪ੍ਰਮੁੱਖ ਸ਼ਹਿਰਾਂ 'ਚ ਆਪਣੇ ਸ਼ੋਅਰੂਮ ਖੋਲ੍ਹੇ ਜਾਣਗੇ ਜਿਥੇ ਜਾਇਦਾਦ, ਮਕਾਨ ਖਰੀਦਣ ਵਾਲੇ ਗਾਹਕ ਵਪਾਰਕ ਕੰਪਨੀਆਂ ਦੀਆਂ ਜਾਇਦਾਦ ਨਾਲ ਸਬੰਧਤ ਯੋਜਨਾਵਾਂ ਬਾਰੇ ਪਤਾ ਕਰ ਸਕਣਗੇ। ਬੀ.ਓ.ਪੀ. ਦੇ ਇਨ੍ਹਾਂ ਸ਼ੋਅਰੂਮਾਂ 'ਤੇ ਗਾਹਕ ਜਾਇਦਾਦ ਸਲਾਹਕਾਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਆਪਣਾ ਨਿਵੇਸ਼ ਕਰਨ ਅਤੇ ਸਹੀ ਜਾਇਦਾਦ ਚੁਣਨ ਲਈ ਮਦਦ ਲੈਣਗੇ। ਬੀ.ਓ.ਪੀ. ਦੇ ਬਣਨ ਵਾਲੇ ਸ਼ੋਅਰੂਮ ਅਮੀਰ ਇਲਾਕਿਆਂ 'ਚ ਬਣਾਏ ਜਾਣਗੇ।